# ਅਸੀਂ ਕਿਉ ਕਹਿੰਦੇ ਹਾਂ, "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ"

## Why we say, "Wah Guru Ji Ka Khalsa Wah Guru Ji Ke Fateh"

ਜਦੋਂ ਵੀ ਇਕ ਸਿੱਖ ਦੂਸਰੇ ਸਿੱਖ ਨੂੰ ਮਿਲਦਾ ਹੈ ਤਾਂ ਉਹ "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ" ਬੁਲਾਉਂਦਾ ਹੈ। ਇਹ ਹੁਕਮ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਦਿਤਾ। ਉਨ੍ਹਾਂ ਨੇ ਤਾਂ ਕਿਹਾ ਹੈ ਕਿ, ਜਿਹੜਾ ਪਹਿਲਾਂ ਫ਼ਤਹਿ ਬੁਲਾਵੇਗਾ, ਮੇਰਾ ਉਸ ਦੇ ਵੱਲ ਮੁਖ ਹੋਵੇਗਾ। ਜਿਹੜਾ ਬਾਅਦ ਵਿਚ ਫ਼ਤਹਿ ਬੁਲਾਵੇਗਾ, ਮੇਰੀ ਉਸ ਦੇ ਵੱਲ ਪਿਠ ਹੋਵੇਗੀ। ਜੇ ਕਰ ਦੋਵੇ ਇਕੱਠੇ ਫ਼ਤਹਿ ਬੁਲਾਉਣਗੇ ਤਾਂ ਮੈਂ ਉਨ੍ਹਾਂ ਦੋਹਾਂ ਦੇ ਵਿਚਕਾਰ ਹੋਵੇਗਾ। ਇਸ ਲਈ ਸਾਂਝੀਵਾਲਤਾ ਕਾਇਮ ਕਰਨ ਲਈ ਸਾਨੂੰ ਇਕੱਠੇ ਫ਼ਤਹਿ ਬੁਲਾਉਣੀ ਚਾਹੀਦੀ ਹੈ।

ਬਹੁਤ ਸਾਰੀਆਂ ਰਿਵਾਇਤਾਂ, ਭਾਵੇਂ ਸਾਡੇ ਕੋਲ ਲਿਖਤੀ ਤੌਰ ਤੇ ਮੌਜੂਦ ਹਨ ਜਾਂ ਨਹੀਂ। ਪਰੰਤੂ ਇਨ੍ਹਾ ਬਾਰੇ ਗੁਰਬਾਣੀ ਦੇ ਆਧਾਰ ਤੇ ਖੋਜ਼, ਪੜਤਾਲ ਕਰ ਸਕਦੇ ਹਾਂ। ਇਸ ਗੱਲ ਦਾ ਖਾਸ ਧਿਆਨ ਰੱਖਣਾਂ ਚਾਹੀਦਾ ਹੈ ਕਿ ਅਸੀਂ ਨਾ ਤਾਂ ਗੁਰਬਾਣੀ ਵਿਚ ਕੋਈ ਤਬਦੀਲੀ ਕਰ ਸਕਦੇ ਹਾਂ ਅਤੇ ਨਾ ਹੀ ਸਿੱਖ ਧਰਮ ਦੀਆਂ ਮੁੱਢਲੀਆਂ ਰਿਵਾਇਤਾਂ ਵਿਚ ਕੋਈ ਤਬਦੀਲੀ ਕਰ ਸਕਦੇ ਹਾਂ, ਜੋ ਕਿ ਗੁਰੂ ਸਾਹਿਬਾਂ ਨੇ ਆਰੰਭ ਕੀਤੀਆਂ ਹਨ। ਗੁਰੂ ਗਰੰਥ ਸਾਹਿਬ ਦੀ ਤਰਤੀਬ ਅਤੇ ਲਿਖਤ, ਗੁਰੂ ਸਾਹਿਬਾਂ ਨੇ ਇਸ ਤਰ੍ਹਾਂ ਕਲਮ ਬੰਦ ਕੀਤੀ ਹੈ, ਕਿ ਅਸੀਂ ਉਸ ਵਿਚ ਕੋਈ ਤਬਦੀਲੀ ਨਹੀਂ ਕਰ ਸਕਦੇ ਹਾਂ। ਸਿੱਖ ਧਰਮ ਦੀਆਂ ਕੁਝ ਰਿਵਾਇਤਾਂ ਅਤੇ ਇਤਿਹਾਸ ਸਬੰਧੀ ਲਿਖਤੀ ਸਬੂਤ ਪ੍ਰਾਪਤ ਨਹੀਂ ਹਨ। ਇਸ ਲਈ ਕੁਝ ਸੱਜਣ ਤਰ੍ਹਾਂ ਤਰ੍ਹਾਂ ਦੀਆਂ ਤਰਮੀਮਾਂ ਦੱਸਦੇ ਰਹਿੰਦੇ ਹਨ। ਜਾਂ ਕਈ ਆਪਣੀਆਂ ਨਵੀਆਂ ਰਿਵਾਇਤਾ ਆਰੰਭ ਕਰ ਦੇਂਦੇ ਹਨ।

ਇਨ੍ਹਾਂ ਮਤਭੇਦਾਂ ਦਾ ਇਕ ਕਾਰਨ ਇਹ ਵੀ ਹੈ, ਕਿ ਅਸੀਂ ਗੁਰਬਾਣੀ ਦੀ ਡੂੰਘਿਆਈ ਵਿਚ ਨਹੀਂ ਜਾਂਦੇ ਹਾਂ। ਗੁਰੂ ਗਰੰਥ ਸਾਹਿਬ ਵਿਚ ਉਸ ਸਮੇਂ ਦੀਆਂ ਚਲ ਰਹੀਆਂ ਭਾਸ਼ਾਵਾਂ ਅਤੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਤਾਂ ਜੋ ਆਮ ਜਨਤਾ ਇਹ ਸਭ ਕੁਝ ਅਸਾਨੀਂ ਨਾਲ ਸਮਝ ਸਕੇ। ਕੁਝ ਗਿਣਤੀ ਦੇ ਹੀ ਨਵੇਂ ਸਬਦ ਹਨ, ਜੋ ਕਿ ਗੁਰੂ ਗਰੰਥ ਸਾਹਿਬ ਵਿਚ ਵਰਤੇ ਗਏ ਹਨ। ਜਿਸ ਤਰ੍ਹਾਂ ਕਿ, ਅੰਮ੍ਰਿਤ ਵੇਲਾ, ਅਕਾਲ ਪੁਰਖੁ, ਵਾਹਿਗੁਰੂ, ਜੀਵਨ ਮੁਕਤਿ, ਅਨੰਦੁ ਆਦਿ। ਪਰੰਤੂ ਹਰੇਕ ਸਬਦ ਦੀ ਪ੍ਰੀਭਾਸ਼ਾ ਗੁਰੂ ਸਾਹਿਬਾਂ ਨੇ ਗੁਰੂ ਗਰੰਥ ਸਾਹਿਬ ਵਿਚ ਦੇ ਦਿਤੀ ਹੈ। ਉਦਾਹਰਣ ਦੇ ਤੌਰ ਤੇ:

**ਨਾਮੁ = ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ {੪}**

**ਸਤਸੰਗਤਿ = ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ {੭੨}**

**ਸੰਤੁ = ਸਲੋਕ ਮ: ੫ ॥ ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥ {੩੧੯}**

**ਤੀਰਥੁ = ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ {੬੮੭}**

**ਗਿਆਨੀ = ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ {੧੪੨੭}**

ਗੁਰਬਾਣੀ ਦੇ ਅਧੂਰੇ ਗਿਆਨ ਕਰਕੇ, ਅਸੀਂ ਸਬਦ ਤਾਂ ਗੁਰਬਾਣੀ ਦੇ ਵਰਤਦੇ ਹਾਂ। ਪਰੰਤੂ ਗੁਰੂ ਗਰੰਥ ਸਾਹਿਬ ਵਿਚ ਦਿਤੀ ਗਈ ਪ੍ਰੀਭਾਸ਼ਾ ਦੀ ਬਜਾਏ, ਹੋਰ ਧਰਮਾਂ ਜਾਂ ਮੁਜ਼ਬਾਂ ਦੀ ਪ੍ਰੀਭਾਸ਼ਾ ਵਰਤਦੇ ਹਾਂ। ਜਿਸ ਕਰਕੇ ਅਸੀਂ ਅਕਸਰ ਭੁਲੇਖੇ ਵਿਚ ਪੈ ਜਾਂਦੇ ਹਾਂ।

ਇਸ ਲਈ ਜਿਨ੍ਹੀ ਦੇਰ ਤੱਕ ਅਸੀਂ ਗੁਰਬਾਣੀ ਦੇ ਆਧਾਰ ਤੇ ਪੂਰੀ ਤਰ੍ਹਾਂ ਖੋਜ਼ ਅਤੇ ਜਾਚ ਪੜਤਾਲ ਨਹੀਂ ਕਰ ਲੈਂਦੇ ਹਾਂ, ਸਾਨੂੰ ਕਿਸੇ ਤਰ੍ਹਾਂ ਵੀ ਸਿੱਖ ਧਰਮ ਦੀਆਂ ਮੁਢਲੀਆਂ ਰਿਵਾਇਤਾਂ ਵਿਚ ਕੋਈ ਤਬਦੀਲੀ ਨਹੀਂ ਕਰਨੀ ਚਾਹੀਦੀ ਹੈ। ਜੇ ਕਰ ਕਿਸੇ ਕਾਰਨ ਅਸੀਂ ਕੋਈ ਫੈਸਲਾ ਨਹੀਂ ਕਰ ਸਕਦੇ ਹਾਂ, ਤਾਂ ਉਸ ਨੂੰ ਭਵਿੱਖ ਦੀ ਖੋਜ਼ ਲਈ ਛੱਡ ਦੇਣਾਂ ਚਾਹੀਦਾ ਹੈ।

ਅਸੀਂ "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ" ਕਹਿਣ ਦੀ ਰਵਾਇਤ ਨੂੰ ਤਾਂ ਭੁਲ ਹੀ ਚੁਕੇ ਹਾਂ। ਅਜੇ ਵੀ ਸਟੇਜ਼ ਤੇ ਸੰਗਤ ਨੂੰ ਸੰਬੋਧਨ ਕਰਨ ਤੋਂ ਪਹਿਲਾਂ "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ" ਹੀ ਕਹੀ ਜਾਂਦੀ

ਹੈ। ਆਪਸ ਵਿਚ ਮਿਲਣ ਸਮੇਂ, ਬਹੁਤ ਸਾਰਿਆਂ ਨੇ ਤਾਂ, "ਸਤਿ ਸ੍ਰੀ ਆਕਾਲ" ਕਹਿਣ ਦੀ ਰਵਾਇਤ ਹੀ ਬਣਾ ਲਈ ਹੈ। "ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ" ਜੈਕਾਰੇ ਦੇ ਤੌਰ ਤੇ ਵਰਤਿਆ ਜਾਂਦਾ ਹੈ। "ਸਤਿ ਸ੍ਰੀ ਆਕਾਲ" ਇਸ ਸਬਦ ਦੀ ਅੰਤਲੀ ਤੁਕ ਹੈ। ਜਦੋਂ ਸੰਗਤ ਵਿਚ ਕੋਈ ਚੜ੍ਹਦੀ ਕਲ੍ਹਾ ਦੀ ਕੋਈ ਗੱਲ ਹੋਵੇ, ਕੋਈ ਜਿੱਤ ਦੀ ਗੱਲ ਹੋਵੇ, ਕੋਈ ਪ੍ਰੋਗਰਾਮ ਪੂਰੀ ਤਰ੍ਹਾਂ ਸਿਰੇ ਚੜ੍ਹੇ, ਤਾਂ ਇਹ ਜੈਕਾਰਾ ਛੱਡਿਆ ਜਾਂਦਾ ਹੈ। ਇਕ ਜਾਣਾ "ਬੋਲੇ ਸੋ ਨਿਹਾਲ" ਕਹਿੰਦਾਂ ਹੈ ਅਤੇ ਬਾਕੀ ਸਾਰੇ ਉਸ ਦੇ ਪਿਛੇ "ਸਤਿ ਸ੍ਰੀ ਆਕਾਲ" ਕਹਿੰਦੇ ਹਨ। ਅੱਜਕਲ ਕਈ ਵਾਰੀ ਇਸ ਦੀ ਵੀ ਠੀਕ ਵਰਤੋਂ ਨਹੀਂ ਹੁੰਦੀ ਹੈ। ਵੇਖਣ ਵਿਚ ਆਇਆ ਹੈ ਕਿ ਕਈ ਵਾਰੀ ਜੇ ਕਰ ਕੋਈ ਪ੍ਰਚਾਰਕ ਢਹਿੰਦੀ ਕਲ੍ਹਾਂ ਦੀ ਗੱਲ ਦੱਸ ਰਿਹਾ ਹੁੰਦਾਂ ਹੈ, ਤਾਂ ਕੋਈ ਸੱਜਣ ਇਹ ਜੈਕਾਰਾ ਛੱਡ ਦੇਂਦਾ ਹੈ। ਉਸ ਨੂੰ ਇਹ ਵੀ ਧਿਆਨ ਨਹੀਂ ਹੁੰਦਾਂ ਹੈ, ਕਿ ਢਹਿੰਦੀ ਕਲ੍ਹਾਂ ਕੋਈ ਖੁਸ਼ੀ ਦੀ ਨਿਸ਼ਾਨੀ ਨਹੀਂ ਹੁੰਦੀ ਹੈ। ਲੋਕ ਇਸ ਤਰ੍ਹਾਂ ਕਿਉਂ ਕਰਦੇ ਹਨ, ਇਹ ਉਹੀ ਜਾਣਦੇ ਹਨ। ਕਈ ਲੋਕ ਆਪਣੀ ਹਾਜ਼ਰੀ ਦਿਖਾਉਣ ਲਈ ਵੀ ਕਰਦੇ ਹਨ। ਇਸ ਲਈ ਪਹਿਲਾਂ ਸੁਚੇਤ ਹੋ ਕੇ ਸੁਣਨਾਂ ਚਾਹੀਦਾ ਹੈ ਅਤੇ ਫਿਰ ਅਗਵਾਈ ਕਰਨੀ ਚਾਹੀਦੀ ਹੈ।

ਸਾਡਾ ਦੇਸ ਲਗਭਗ ੨੦੦ ਸਾਲ ਅੰਗਰੇਜ਼ਾ ਦਾ ਗੁਲਾਮ ਰਿਹਾ ਹੈ, ਇਸ ਲਈ ਕਈ ਲੋਕਾਂ ਅੰਦਰ ਹੱਥ ਮਿਲਾਉਣ, ਭਾਵ ਸ਼ੇਕ ਹੈਂਡ {Shake Hand} ਕਰਨ ਦਾ ਰਿਵਾਜ਼ ਘਰ ਕਰ ਗਿਆ ਹੈ। ਹੱਥ ਮਿਲਾਉਣ ਵਾਲੇ ਦੇ ਮਨ ਵਿਚ ਹਮੇਸ਼ਾਂ ਆਂਉਂਦਾ ਹੈ, ਕਿ ਮੈਂ ਬਰਾਬਰ ਹਾਂ ਤੇ ਕਿਸੇ ਤਰ੍ਹਾਂ ਘਟ ਨਹੀਂ, ਇਹ ਹੰਕਾਰ ਦੀ ਨਿਸ਼ਾਨੀ ਹੈ। ਕੀ ਕੋਈ ਅਫਸਰ ਨਾਲ ਹੱਥ ਮਿਲਾਉਦਾ ਹੈ? ਅਫਸਰ ਨੂੰ ਲੋਕ ਸਿਰਫ ਸਲਾਮ ਕਰਦੇ ਹਨ, ਤੇ ਅਫਸਰ ਬਾਅਦ ਵਿੱਚ ਉੱਤਰ ਦੇਂਦਾ ਹੈ। ਇਸ ਨਾਲ ਆਪਸੀ ਵਿਤਕਰਾ ਤੇ ਹੰਕਾਰ ਵੀ ਪੈਦਾ ਹੁੰਦਾ ਹੈ। ਗੁਰੂ ਸਾਹਿਬ ਦੀ ਬਖਸ਼ੀ ਫ਼ਤਹ ਬੁਲਾਉਣ ਵਾਲਾ ਹਮੇਸ਼ਾਂ ਹੱਥ ਜੋੜ ਕੇ ਤੇ ਨਿਮਾਣਾਂ ਹੋ ਕੇ ਝੁਕਦਾ ਹੈ। ਜਿਸ ਕਰਕੇ ਉਸ ਸਿੱਖ ਦੇ ਅੰਦਰੋਂ ਉਚ ਨੀਚ ਦਾ ਭੇਦ ਭਾਵ ਤੇ ਹੰਕਾਰ ਆਪਣੇ ਆਪ ਖਤਮ ਹੋਣੇ ਸ਼ੁਰੂ ਹੋ ਜਾਂਦੇ ਹਨ।

ਆਓ ਜਰਾ "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ" ਦੀ ਗੁਰਬਾਣੀ ਦੇ ਆਧਾਰ ਤੇ ਮਹੱਤਤਾ ਸਾਂਝੀ ਕਰੀਏ।

ਇਸ ਸਬਦ ਦੇ ਅਰਥ ਹਨ, ਕਿ "ਖ਼ਾਲਸਾ ਵੀ ਵਾਹਿ ਗੁਰੂ ਦੁਆਰਾ ਹੀ ਹੈ ਅਤੇ ਜੇ ਕਰ ਕੋਈ ਫ਼ਤਹਿ ਵੀ ਹੁੰਦੀ ਹੈ ਤਾਂ ਉਹ ਵੀ ਵਾਹਿ ਗੁਰੂ ਦੁਆਰਾ ਹੀ ਹੁੰਦੀ ਹੈ।" ਆਮ ਜਨਤਾ ਨੂੰ ਸਿੱਖ ਧਰਮ ਦੇ ਮੁਢਲੇ ਸਿਧਾਂਤ ਸਮਝਾਉਣ ਲਈ, ਇਹ ਬਹੁਤ ਸਧਾਰਨ ਅਤੇ ਸੌਖਾ ਤਰੀਕਾ ਹੈ।

**ਵਾਹਿਗੁਰੂ = ਵਾਹਿ ਗੁਰੂ = ਗੁਰੂ ਦੁਆਰਾ ਵਾਹ ਵਾਹ = ਸਬਦ ਗੁਰੂ ਦੁਆਰਾ ਵਾਹ ਵਾਹ = ਗੁਰਬਾਣੀ ਦੁਆਰਾ ਅਕਾਲ ਪੁਰਖੁ ਦੀ ਉਸਤਤ = ਗੁਰਬਾਣੀ ਦੁਆਰਾ ਅਕਾਲ ਪੁਰਖੁ ਦੇ ਗੁਣ ਗਾਇਨ ਕਰਨੇ**

**ਏਕੋ ਨਾਮੁ ਧਿਆਇ ਮਨ ਮੇਰੇ ॥ ਕਾਰਜੁ ਤੇਰਾ ਹੋਵੈ ਪੂਰਾ ਹਰਿ ਹਰਿ ਹਰਿ ਗੁਣ ਗਾਇ ਮਨ ਮੇਰੇ ॥੧॥ ਰਹਾਉ ॥ {896}**

ਅੱਜਕਲ ਸਿੱਖ ਜਗਤ ਵਿਚ ਵਾਹਿਗੁਰੂ {ਵਾਹੇਗੁਰੂ} ਸਬਦ, ਅਕਾਲ ਪੁਰਖੁ {ਪ੍ਰਭੂ} {God} ਦੇ ਨਾਮ ਲਈ ਵਰਤਣਾ ਆਮ ਪਰਚਲਤ ਹੋ ਗਿਆ ਹੈ। ਵਾਹਿਗੁਰੂ ਸਬਦ ਦੀ ਵਰਤੋਂ ਨਾਮੁ ਜਪਣ ਸਬੰਧੀ ਭੁਲੇਖਾ ਪਾਉਂਣ ਲਈ ਵੀ ਆਮ ਹੁੰਦੀ ਜਾ ਰਹੀ ਹੈ। ਨਾਮੁ ਦਾ ਸਬਦ ਗੁਰੂ ਗਰੰਥ ਸਾਹਿਬ ਵਿਚ ੪੦੦੦ ਤੋਂ ਵੱਧ ਵਾਰੀ ਵਰਤਿਆ ਗਿਆ ਹੈ ਤੇ ਵਾਹਿਗੁਰੂ ਸਬਦ ਗੁਰੂ ਗਰੰਥ ਸਾਹਿਬ ਵਿਚ ੧੪ ਵਾਰੀ ਆਇਆ ਹੈ। ਪਰੰਤੂ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਇਕ ਵਾਰੀ ਵੀ ਇਹ ਨਹੀਂ ਕਿਹਾ ਗਿਆ ਕਿ ਵਾਹਿਗੁਰੂ ਨਾਮੁ ਹੈ। ਇਹ ਸਾਡਾ ਆਪਣਾ ਕਾਨੂੰਨ ਬਣਾਇਆ ਜਾ ਰਿਹਾ ਹੈ। ਅਕਾਲ ਪੁਰਖ ਸਬਦ ਗੁਰੂ ਗਰੰਥ ਸਾਹਿਬ ਵਿਚ ਦੋ ਵਾਰੀ {੨੧੨, ੧੦੩੮} ਆਇਆ ਹੈ।

**ਅਕਾਲ ਪੁਰਖ ਅਗਾਧਿ ਬੋਧ ॥ ਸੁਨਤ ਜਸੋ ਕੋਟਿ ਅਘ ਖਏ ॥੨॥ {੨੧੨}**

**ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥੩॥ {੧੦੩੮}**

ਅਕਾਲ ਪੁਰਖੁ ਦੀ ਸੰਖੇਪ ਵਿਚ ਪ੍ਰੀਭਾਸ਼ਾ ਇਹ ਹੈ।

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ {੧}**

ਅਕਾਲ ਪੁਰਖੁ ਬਾਰੇ ਵਿਸਥਾਰ ਜਪੁਜੀ ਸਾਹਿਬ ਵਿਚ ਦਿਤਾ ਗਿਆ ਹੈ। ਪੂਰਨ ਤੌਰ ਤੇ ਇਸ ਮਨੁੱਖਾ ਜੀਵਨ ਵਿਚ, ਅਕਾਲ ਪੁਰਖੁ ਨੂੰ ਕਿਸ ਤਰ੍ਹਾਂ ਪਾਉਣਾਂ ਹੈ, ਉਹ ਗੁਰੂ ਗਰੰਥ ਸਾਹਿਬ ਵਿਚ ਦਿਤਾ ਗਿਆ ਹੈ।

ਸਿੱਖ ਧਰਮ ਵਿਚ ਅਕਾਲ ਪੁਰਖੁ ਸਬਦ ਪ੍ਰਭੂ {God} ਦੇ ਨਾਂ ਲਈ ਵਰਤਿਆ ਗਿਆ ਹੈ। ਹੋਰਨਾਂ ਧਰਮਾਂ ਵਿਚ ਅੱਲ੍ਹਾ, ਗੌਡ, ਆਦਿ ਨਾਵਾਂ ਨਾਲ ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ ਅਕਾਲ ਪੁਰਖੁ ਨੂੰ ਅਨੇਕ ਨਾਂਵਾਂ ਨਾਲ ਵਰਤਿਆ ਗਿਆ ਹੈ। ਪੁਰਾਤਨ ਨਾਂਵਾਂ ਦਾ ਸਬੰਧ ਕਿਸੇ ਮਨੁੱਖ, ਜਾਨਵਰ, ਵਸਤੂ ਜਾਂ ਕਰਮਾਂ ਦੇ ਆਧਾਰ ਤੇ ਹੁੰਦਾਂ ਰਿਹਾ ਹੈ। ਸਿੱਖ ਧਰਮ ਵਿਚ ਅਕਾਲ ਪੁਰਖੁ ਦਾ ਨਾਂ ਕਿਸੇ ਤਰ੍ਹਾਂ ਦੇ ਪਦਾਰਥ ਜਾਂ ਸਰੀਰ ਨਾਲ ਨਹੀਂ ਜੋੜਿਆ ਗਿਆ ਹੈ। ਵਾਹਿਗੁਰੂ ਸਬਦ ਦਾ ਸਬੰਧ ਕਿਸੇ ਵੀ ਨਾਂ ਨਾਲ ਨਹੀਂ ਹੈ, ਬਲਕਿ ਆਤਮਾ ਅਤੇ ਮਨ ਦੀ ਅਵਸਥਾ ਜਾ ਕਿਰਿਆ ਨਾਲ ਹੈ। ਵਾਹਿਗੁਰੂ ਸਬਦ ਦਾ ਵਿਸ਼ਲੇਸ਼ਨ ਕਰਈਏ, ਤਾਂ ਇਹ ਇਸ ਤਰ੍ਹਾਂ ਹੈ। {ਵਾਹਿਗੁਰੂ = ਵਾਹਿ + ਗੁਰੂ}। ਜਦੋਂ ਮਨੁੱਖ ਦੇ ਹਿਰਦੇ ਵਿਚ ਨਾਮੁ ਵਸ ਜਾਂਦਾ ਹੈ, ਤਾਂ ਉਹ ਸਚ ਖੰਡਿ ਦੀ ਅਵਸਥਾ ਵੱਲ ਜਾਂਦਾ ਹੈ। ਇਸ ਲਈ ਜੀਵ ਦੇ ਹਿਰਦੇ ਵਿਚ ਖੁਸ਼ੀ ਅਤੇ ਧੰਨਵਾਦ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਅਸੀਂ ਅਕਸਰ ਖੁਸ਼ੀ ਅਤੇ ਧੰਨਵਾਦ ਦਾ ਪ੍ਰਗਟਾਵਾ ਵਾਹ ਵਾਹ ਕਰਕੇ ਕਰਦੇ ਹਾਂ। ਇਹ ਅਵਸਥਾ ਗੁਰੂ ਦੀ ਸਹਾਇਤਾ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਵਾਹ ਅਤੇ ਗੁਰੂ ਦੇ ਮੇਲ ਨਾਲ ਬਣਿਆ ਸਬਦ ਵਾਹਿਗੁਰੂ ਹੈ। ਕਈਆਂ ਨੇ ਇਸ ਨੂੰ ਅਕਾਲ ਪੁਰਖੁ ਦੇ ਨਾਂ ਜਾਂ ਨਾਮੁ ਲਈ ਸਿੱਖ ਜਗਤ ਵਿਚ ਆਮ ਪਰਚੱਲਤ ਕਰ ਦਿਤਾ ਹੈ। ਸਿੱਖ ਧਰਮ ਅਨੁਸਾਰ ਨਾ ਤਾਂ ਗੁਰੂ ਸਰੀਰ ਹੈ ਅਤੇ ਨਾ ਹੀ ਚੇਲਾ ਸਰੀਰ ਹੈ।

**ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ {੯੪੩, ਰਾਮਕਲੀ, ਮ: ੧}**

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਸਿਰਫ ਸਰੀਰ ਹੀ ਬਦਲਦੇ ਰਹੇ ਹਨ। ਜੋਤਿ {ਨਾਨਕੁ} ਉਹੀ ਰਹੀ ਹੈ। ਹੁਣ ਇਹ ਜੋਤਿ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਵਿਚ ਸਦਾ ਲਈ ਕਾਇਮ ਹੈ।

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ {੯੬੬-੯੬੭}**

ਇਸ ਲਈ ਵਾਹਿਗੁਰੂ ਸਬਦ ਦਾ ਸਬੰਧ, ਕਿਸੇ ਵੀ ਸਰੀਰ ਨਾਲ ਨਹੀਂ ਹੈ। ਆਤਮਾ ਅਤੇ ਮਨ ਦੀ ਅਵਸਥਾ ਜਾ ਕਿਰਿਆ ਨਾਲ ਹੈ। ਕਿਉਂਕਿ ਖ਼ਾਲਸਾ ਵਾਹਿ ਗੁਰੂ ਦੁਆਰਾ ਹੈ। ਇਸ ਲਈ ਜੇ ਕਰ ਕੋਈ ਮਨੁੱਖ, ਇਹ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਤਾਂ ਉਸ ਵਿਚ ਅਤੇ ਅਕਾਲ ਪੁਰਖੁ ਵਿਚ ਕੋਈ ਭੇਦ ਨਹੀਂ ਰਹਿੰਦਾਂ ਹੈ। ਪਰੰਤੂ ਇਸ ਦਾ ਧਿਆਨ ਰੱਖਣਾ ਚਾਹੀਦਾ ਹੈ, ਕਿ ਕੋਈ ਵੀ ਅਕਾਲ ਪੁਰਖੁ ਦੇ ਬਰਾਬਰ ਨਹੀਂ ਹੋ ਸਕਦਾ ਹੈ। ਉਸ ਨਾਲ ਸਿਰਫ ਅਭੇਦ ਹੋਇਆ ਜਾ ਸਕਦਾ ਹੈ।

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥ {੬੩੩, ਸੋਰਠਿ, ਮ: ੯}**

ਜਦੋਂ ਮਨੁੱਖ ਖ਼ਾਲਸੇ ਦੀ ਅਵਸਥਾ ਤਕ ਪਹੁੱਚਦਾ ਹੈ, ਤਾਂ ਉਹ ਦੁਸਰਿਆਂ ਮਨੁੱਖਾਂ ਨਾਲ ਕੋਈ ਵੀ ਭੇਦ ਭਾਵ ਦੀ ਭਾਵਨਾ ਨਾਲ ਫਰਕ ਨਹੀਂ ਕਰਦਾ ਹੈ। ਉਸ ਨੂੰ ਸਾਰੇ ਇਕ ਪਿਤਾ ਦੇ ਪੁੱਤਰ ਦਿਖਾਈ ਦੇਂਦੇ ਹਨ। ਸਾਰਿਆਂ ਵਿਚ ਇਕੋ ਜੋਤਿ ਹੀ ਵੇਖਦੇ ਹਨ।

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥ {੬੧੧, ਸੋਰਠਿ, ਮ: ੫}**

ਇਹ ਸਬਦ ਇਹ ਵੀ ਦੱਸਦੇ ਹਨ, ਕਿ ਜੇ ਖ਼ਾਲਸਾ ਵਾਹਿ ਗੁਰੂ ਦੁਆਰਾ ਹੈ, ਤਾਂ ਸਭ ਕੁਝ ਉਸ ਵਾਹਿ ਗੁਰੂ ਦੁਆਰਾ ਹੀ ਹੈ। ਇਸ ਲਈ ਮਨੁੱਖ ਦਾ ਆਪਣਾ ਕੁਝ ਵੀ ਨਹੀਂ। ਜਦੋਂ ਮਨੁੱਖ ਇਹ ਸਮਝ ਲੈਂਦਾ ਹੈ, ਕਿ ਉਸ ਦਾ ਆਪਣਾ ਕੁਝ ਵੀ ਨਹੀਂ ਹੈ, ਸਭ ਕੁਝ ਵਾਹਿ ਗੁਰੂ ਦੁਆਰਾ ਹੀ ਹੈ, ਗੁਰੂ ਦੀ ਉਸਤਤ ਦੁਆਰਾ ਹੀ ਹੈ, ਤਾਂ ਉਸ ਮਨੁੱਖ ਦੇ ਮਨ ਵਿਚੋਂ ਹਉਮੈ ਨਿਕਲ ਜਾਂਦੀ ਹੈ।

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ {੧੩੭੫}**

ਜਦੋਂ ਹਉਮੈ ਨਿਕਲ ਗਈ, ਤਾਂ ਫਿਰ ਲੋਭ, ਲਾਲਚ ਤੇ ਦੁਨਿਆਵੀ ਡਰ ਵੀ ਨਿਕਲ ਜਾਂਦੇ ਹਨ। ਫਿਰ ਉਹ ਹੇਰਾ ਫੇਰੀਆਂ ਕਰਕੇ ਧਨ ਇਕੱਠਾ ਨਹੀਂ ਕਰਦਾ ਹੈ, ਕਿਸੇ ਤੇ ਜ਼ੁਲਮ ਨਹੀਂ ਕਰਦਾ ਹੈ, ਆਪਣੀ ਕਿਰਤ ਕਮਾਈ ਤੇ ਗਿਆਨ ਦਾ ਕੁਝ ਹਿਸਾ ਮਨੁੱਖਤਾ ਦੇ ਭਲੇ ਲਈ ਵਰਤਦਾ ਹੈ, ਸਾਰਿਆਂ ਨੂੰ ਬਰਾਬਰੀ ਨਾਲ ਵੇਖਦਾ ਹੈ, ਬਰਾਬਰੀ ਦਾ ਸਲੂਕ ਕਰਦਾ ਹੈ, ਮਨੁੱਖਤਾ ਦੀ

ਭਲਾਈ ਲਈ ਤੱਤਪਰ ਰਹਿੰਦਾ ਹੈ। ਇਹ ਰੋਜ਼ ਦਾ ਕਿਹਾ ਹੋਇਆ ਸਬਦ, ਉਸ ਨੂੰ ਆਪਣੇ ਆਪ ਗੁਰਮੁਖਿ ਬਣਨ ਦੀ ਦਿਸ਼ਾ ਵਲ ਲੈ ਜਾਂਦਾ ਹੈ। ਉਹ ਮਨੁੱਖਤਾ ਦੇ ਭਲੇ ਲਈ ਹਰੇਕ ਕੁਰਬਾਨੀ ਲਈ ਤਿਆਰ ਹੋ ਜਾਂਦਾ ਹੈ।

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥ {੭੫੭-੧੨, ਸੂਹੀ, ਮ: ੪}

"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ" ਦੇ ਦੂਸਰੇ ਭਾਗ "ਵਾਹਿ ਗੁਰੂ ਜੀ ਕੀ ਫ਼ਤਹਿ" ਦਾ ਭਾਵ ਹੈ। ਕਿ ਜੇ ਕਰ ਮਨੁੱਖ ਨੇ ਆਪਣੇ ਜੀਵਨ ਵਿਚ ਕੋਈ ਪ੍ਰਾਪਤੀ ਕੀਤੀ ਹੈ, ਤਾਂ ਉਹ ਵੀ ਉਸ ਦੀ ਆਪਣੀ ਨਹੀਂ ਹੈ, ਬਲਕਿ ਉਹ ਵੀ ਗੁਰੂ ਦੀ ਸਿਖਿਆ ਦੁਆਰਾ ਹੀ ਹੈ ਤੇ ਉਸ ਨੂੰ ਇਹ ਫ਼ਤਹਿ, ਗੁਰੂ {ਗੁਰਬਾਣੀ} ਦੁਆਰਾ ਅਕਾਲ ਪੁਰਖੁ ਦੀ ਉਸਤਤ ਕਰਨ ਨਾਲ ਪ੍ਰਾਪਤ ਹੋਈ ਹੈ। ਇਸ ਲਈ ਜਦੋਂ ਸਿੱਖ "ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ" ਕਹਿੰਦਾ ਹੈ, ਤਾਂ ਉਸ ਦੇ ਆਪਣੇ ਅੰਦਰੋਂ ਅਤੇ ਦੂਸਰਾ ਸਿੱਖ ਜੋ ਇਹ ਸਬਦ ਸੁਣਦਾ ਵੀ ਹੈ ਅਤੇ ਕਹਿੰਦਾ ਵੀ ਹੈ, ਉਸ ਦੇ ਅੰਦਰੋਂ ਵੀ ਹਉਮੈ ਨਿਕਲ ਜਾਂਦੀ ਹੈ। ਜਦੋਂ ਹਉਮੈ ਨਿਕਲ ਗਈ ਤਾਂ ਫਿਰ ਮਨੁੱਖ ਸਭ ਸੁਖ ਪ੍ਰਾਪਤ ਕਰ ਲੈਂਦਾ ਹੈ।

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥ ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥ {੧੩੮੨}

ਜਦੋਂ ਸਾਰੇ ਆਪਣੇ ਹੋ ਜਾਣ ਤਾਂ ਜੀਵਨ ਵਿਚ ਸੁਖ ਅਤੇ ਖੁਸ਼ਹਾਲੀ ਆਪਣੇ ਆਪ ਆ ਜਾਂਦੀ ਹੈ। ਮਨ ਵਿਚ ਅਨੰਦ ਦੀ ਅਵਸਥਾ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਮਨੁੱਖਾ ਜੀਵਨ ਦਾ ਇਹ ਮੰਤਵ ਸਹਿਜੇ ਹੀ ਪੂਰਾ ਹੋ ਜਾਂਦਾ ਹੈ।

ਆਸਾ ਮਹਲਾ ੫ ॥ ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ {੧੨}

ਫ਼ਤਹਿ ਸਬਦ ਨੂੰ ਵਰਤਣ ਦਾ, ਇਕ ਮਨੋਵਿਗਿਆਨ ਪ੍ਰਭਾਵ ਇਹ ਵੀ ਹੈ। ਕਿ ਜਦੋਂ ਮਨੁੱਖ ਫ਼ਤਹਿ ਸਬਦ ਕਹਿੰਦਾਂ ਹੈ, ਤਾਂ ਉਸ ਦੇ ਮਨ ਦੇ ਅੰਦਰ ਇਕ ਐਸਾ ਉਤਸ਼ਾਹ ਪੈਦਾ ਹੋ ਜਾਂਦਾ ਹੈ, ਕਿ ਉਹ ਸਫਲਤਾ ਲਈ ਪੂਰੀ ਕੋਸ਼ਿਸ਼ ਕਰਦਾ ਹੈ। ਮਨੁੱਖ ਨੂੰ ਆਪਣਾ ਮੰਤਵ ਪੂਰਾ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਆਦਤ ਪੈ ਜਾਂਦੀ ਹੈ। ਇਸੇ ਲਈ ਗੁਰੂ ਦਾ ਸਿੱਖ ਹਮੇਸ਼ਾ ਚੜ੍ਹਦੀ ਕਲ੍ਹਾ ਵਿਚ ਰਹਿੰਦਾ ਹੈ। ਇਹੀ ਕਾਰਨ ਹੈ ਕਿ ਸਿੱਖ ਆਪਣੇ ਧਰਮ ਦੀ ਖਾਤਰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ। ਉਹ ਮੁਸ਼ਕਲ ਤੋਂ ਮੁਸ਼ਕਲ ਕੰਮ, ਅਕਾਲ ਪੁਰਖੁ ਤੇ ਭਰੋਸਾ ਰੱਖਦੇ ਹੋਏ, ਆਸਾਨੀ ਨਾਲ ਕਰ ਲੈਂਦਾਂ ਹੈ।

ਸਾਡੇ ਹੋਰ ਭੁਲੇਖਿਆਂ ਦੇ ਕਾਰਨ ਇਹ ਹਨ, ਕਿ ਅਸੀਂ ਅੱਜਕਲ ਦੀ ਪੰਜਾਬੀ ਭਾਸ਼ਾ ਵਿਚ ਲਿਖਣ ਤੇ ਬੋਲਣ ਦਾ ਤਰੀਕਾ ਬਦਲ ਲਿਆ ਹੈ, ਜਦੋਂ ਕਿ ਗੁਰਬਾਣੀ ਵਿਚ ਜਿਸ ਤਰ੍ਹਾਂ ਲਿਖਿਆ ਜਾਂਦਾ ਹੈ, ਉਸੇ ਤਰੀਕੇ ਨਾਲ ਹੀ ਬੋਲਿਆ ਜਾਂਦਾ ਹੈ। ਗੁਰਬਾਣੀ ਵਿਚ ਸਬਦ, "ਜੇਹੜਾ, ਕੇਹੜਾ, ਜਵੇਹਰ, ਜੇਵੇਹੀ, ਜਵੇਹਰੀ, ਇਵੇਹੀ, ਇਵੇਹਾ" ਵਰਤੇ ਗਏ ਹਨ, ਪਰੰਤੂ, "ਜਿਹੜਾ ਕਿਹੜਾ ਜਿਵੇਹਰ ਜਿਵੇਹੀ, ਜਿਵੇਹਰੀ, ਏਵੇਹੀ, ਏਵੇਹਾ", ਕਿਤੇ ਵੀ ਨਹੀਂ ਵਰਤੇ ਗਏ ਹਨ। ਜਿਥੇ ਵੀ ਅਸੀਂ ਅੱਜਕਲ ਦੀ ਪੰਜਾਬੀ ਵਿਚ ਲਾਅ { ੇ} ਨਾਲ ਬੋਲਦੇ ਹਾਂ, ਗੁਰਬਾਣੀ ਵਿਚ ਉਥੇ ਲਾਅ { ੇ} ਹੀ ਵਰਤੀ ਗਈ ਹੈ, ਸਿਹਾਰੀ { ਿ} ਨਹੀਂ ਵਰਤੀ ਗਈ ਹੈ। ਪਰੰਤੂ, ਜਿਥੇ ਅਸੀਂ ਅੱਜਕਲ ਦੀ ਪੰਜਾਬੀ ਵਿਚ ਸਿਹਾਰੀ { ਿ} ਨਾਲ ਬੋਲਦੇ ਹਾਂ, ਗੁਰਬਾਣੀ ਵਿਚ ਉਥੇ ਸਿਹਾਰੀ { ਿ} ਹੀ ਵਰਤੀ ਗਈ ਹੈ। ਗੁਰਬਾਣੀ ਵਿਚ ਜਿਸ ਤਰ੍ਹਾਂ ਲਿਖਿਆ ਗਿਆ ਹੈ, ਉਸੇ ਤਰ੍ਹਾਂ ਹੀ ਬੋਲਿਆ ਜਾਂਦਾ ਹੈ।

ਸਾਡੀ ਅੱਜਕਲ ਦੀ ਪੰਜਾਬੀ ਭਾਸ਼ਾ ਵਿਚ ਲਿਖਿਆ ਸਿਹਾਰੀ { ਿ} ਨਾਲ ਜਾਂਦਾ ਹੈ, ਜਿਸ ਤਰ੍ਹਾਂ ਕਿ "ਜਿਹੜਾ, ਕਿਹੜਾ, ਆਦਿ", ਪਰੰਤੂ, ਬੋਲਿਆ ਲਾਅ { ੇ} ਨਾਲ ਜਾਂਦਾ ਹੈ। ਅਸੀਂ ਆਪਣੀ ਪੰਜਾਬੀ ਭਾਸ਼ਾ ਵਿਚ ਇਹ ਬਦਲਾਵ ਕਰ ਲਿਆ ਹੈ। ਪਰੰਤੂ, ਗੁਰਬਾਣੀ ਵਿਚ ਜਿਸ ਤਰ੍ਹਾਂ ਲਿਖਿਆ ਗਿਆ ਹੈ, ਉਸੇ ਤਰ੍ਹਾਂ ਹੀ ਬੋਲਿਆ ਜਾਂਦਾ ਹੈ। ਇਸ ਲਈ ਅਸੀਂ ਆਪਣੀ ਬਦਲੀ ਗਈ ਪੰਜਾਬੀ ਭਾਸ਼ਾ ਦੇ ਕਾਨੂੰਨ ਨੂੰ ਗੁਰਬਾਣੀ ਉੱਪਰ ਲਾਗੂ ਨਹੀਂ ਕਰ ਸਕਦੇ ਹਾਂ।

ਇਸ ਲਈ "ਵਾਹਿ ਗੁਰੂ" ਨੂੰ "ਵਾਹੇ ਗੁਰੂ" ਬਣਾ ਕੇ ਨਹੀਂ ਬੋਲ ਸਕਦੇ ਹਾਂ। ਸਾਨੂੰ "ਵਾਹਿ ਗੁਰੂ", ਹੀ ਬੋਲਣਾ ਪਵੇਗਾ "ਵਾਹੇ ਗੁਰੂ", ਨਹੀਂ। ਇਸ ਲਈ ਜਦੋਂ ਅਸੀਂ "ਵਾਹਿਗੁਰੂ" ਬੋਲਦੇ ਹਾਂ, ਤਾਂ ਸਾਨੂੰ "ਵਾਹਿ", "ਗੁਰੂ" ਵੱਖਰਾ ਕਰਕੇ ਬੋਲਣਾ ਪਵੇਗਾ। ਇਸ ਨੂੰ ਇਕੱਠਾ ਕਰਕੇ, "ਵਾਹੇ+ਗੁਰੂ", ਨਹੀਂ ਬੋਲ ਸਕਦੇ ਹਾਂ।

ਮ: ੩ ॥ ਵਾਹੁ ਵਾਹੁ ਸਾਹਿਬੁ ਸਚੁ ਹੈ ਅੰਮ੍ਰਿਤੁ ਜਾ ਕਾ ਨਾਉ ॥ ਜਿਨਿ ਸੇਵਿਆ ਤਿਨਿ ਫਲੁ ਪਾਇਆ ਹਉ ਤਿਨ ਬਲਿਹਾਰੈ ਜਾਉ ॥ ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸ ਨੋ ਦੇਇ ਸੁ ਖਾਇ ॥ ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ

ਜਾਇ ॥ ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ॥ ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ ॥੨॥ {੫੧੫}

ਇਸ ਲਈ ਸਪੱਸ਼ਟ ਹੋ ਜਾਂਦਾ ਹੈ, ਕਿ "ਵਾਹਿ ਗੁਰੂ", ਗੁਰੂ ਦੁਆਰਾ ਵਾਹ ਵਾਹ ਕਰਨ ਵਾਸਤੇ ਹੈ, ਗੁਰੂ ਦੁਆਰਾ ਉਸਤਤ ਕਰਨ ਵਾਸਤੇ ਹੈ। ਇਸ ਲਈ ਅਸੀਂ "ਵਾਹਿਗੁਰੂ" ਕਿਸੇ ਪਾਸਿਓ ਵੀ ਅਕਾਲ ਪੁਰਖੁ ਦੇ ਨਾਂ ਲਈ ਨਹੀਂ ਵਰਤ ਸਕਦੇ ਹਾਂ। ਇਹ ਸਬਦ "ਵਾਹਿ ਗੁਰੂ", ਸਿਰਫ ਤੇ ਸਿਰਫ ਗੁਰੂ ਦੁਆਰਾ ਵਾਹ ਵਾਹ ਕਰਨ ਵਾਸਤੇ ਹੈ, ਗੁਰੂ ਦੁਆਰਾ ਉਸਤਤ ਕਰਨ ਵਾਸਤੇ ਹੈ, ਅਕਾਲ ਪੁਰਖੁ ਦੇ ਨਾਂ ਜਾਂ ਨਾਮੁ ਲਈ ਨਹੀਂ ਹੈ। ਇਸ ਲਈ ਸਾਨੂੰ "ਵਾਹਿ ਗੁਰੂ" ਵੱਖਰਾ ਕਰਕੇ ਬੋਲਣਾ ਚਾਹੀਦਾ ਹੈ, ਤਾਂ ਜੋ ਅਸੀਂ ਗੁਰਬਾਣੀ ਅਨੁਸਾਰ ਠੀਕ ਤਰ੍ਹਾਂ ਬੋਲੀਏ, ਤੇ ਫਿਰ ਆਪਣੇ ਆਪ ਇਸ ਦੇ ਅਰਥ ਵੀ ਗੁਰਬਾਣੀ ਦੇ ਅਨੁਕੂਲ ਹੋ ਜਾਣਗੇ।

ਗੁਰੂ ਪਿਆਰੀ ਸਾਧ ਸੰਗਤ ਜੀ, ਗੁਰੂ ਸਾਹਿਬਾਂ ਦੀਆਂ ਚਲਾਈਆਂ ਗਈਆਂ ਰਿਵਾਇਤਾਂ ਨੂੰ ਮਾਮੂਲੀ ਨਾ ਸਮਝੋ। ਇਨ੍ਹਾਂ ਅੰਦਰ ਬਹੁਤ ਡੂੰਘਿਆਈ ਛੁਪੀ ਹੈ, ਇਹ ਵਡਮੁੱਲਾ ਖ਼ਜ਼ਾਨਾ ਹੈ। ਸਿਰਫ਼ ਇਨ੍ਹਾਂ ਰਸਤਿਆਂ ਤੇ ਚੱਲਣ ਦੀ ਲੋੜ ਹੈ। ਸਾਨੂੰ ਇਹ ਆਪਣੇ ਆਪ ਹੀ ਸਚ ਖੰਡਿ ਦੀ ਅਵਸਥਾ ਵੱਲ ਲੈ ਜਾਣਗੀਆਂ।

ਸੁਣਿਐ ਅੰਧੇ ਪਾਵਹਿ ਰਾਹੁ ॥ {੩}

ਸਾਡੀਆਂ ਸਿਰਫ ਪੰਜ ਗਿਆਨ ਇੰਦਰੀਆਂ ਹਨ। {ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ}। ਅਸੀਂ ਇਨ੍ਹਾਂ ਨਾਲ ਸਿਰਫ ਕੁਝ ਹੱਦ ਤਕ ਹੀ ਵੇਖ, ਸੁਣ ਜਾਂ ਸਮਝ ਸਕਦੇ ਹਾਂ। ਉਹ ਵੀ ਨਿਰਭਰ ਕਰਦਾ ਹੈ ਕਿ ਅਸੀਂ ਆਪਣੇ ਆਪ ਨੂੰ ਕਿੰਨਾਂ ਕੁ ਗੁਰੂ ਸਾਹਿਬਾਂ ਦੀ ਸਿਖਿਆਂਵਾਂ ਅੱਗੇ ਅਰਪਣ ਕੀਤਾ ਹੈ। ਇਸ ਲਈ ਆਓ ਸਾਰੇ ਜਾਣੇ ਗੁਰੂ ਸਾਹਿਬਾਂ ਦੇ ਦੱਸੇ ਰਸਤੇ ਤੇ ਚੱਲ ਕੇ ਆਪਣੇ ਜੀਵਨ ਦੀ ਮੰਜ਼ਲ ਤੱਕ ਪਹੁੰਚਈਏ।

ਆਓ ਅਸੀਂ ਅੱਜ ਤੋਂ ਪ੍ਰਣ ਕਰਈਏ ਕਿ ਅਸੀਂ ਜਦੋਂ ਵੀ ਇਕ ਦੂਸਰੇ ਨੂੰ ਮਿਲਈਏ ਤਾਂ ਨਿਮਰਤਾ ਤੇ ਸਤਿਕਾਰ ਨਾਲ ਇਸ ਤਰ੍ਹਾਂ ਕਹੀਏ।

"ਵਾਹਿ ਗੁਰੂ ਜੀ ਕਾ ਖ਼ਾਲਸਾ ਵਾਹਿ ਗੁਰੂ ਜੀ ਕੀ ਫ਼ਤਹਿ"

{ਡਾ: ਸਰਬਜੀਤ ਸਿੰਘ} {Dr. Sarbjit Singh}
ਆਰ ਐਚ ੧ / ਈ - ੮, ਸੈਕਟਰ - ੮, ਵਾਸ਼ੀ, ਨਵੀਂ ਮੁੰਬਈ - ੪੦੦੭੦੩.
RH1 / E-8, Sector-8, Vashi, Navi Mumbai - 400703.
Email = sarbjitsingh@yahoo.com
Web = https://gurmat-research.com/
http://www.geocities.ws/sarbjitsingh
http://www.sikhmarg.com/article-dr-sarbjit.html
https://sikhwisdom.org/profile/sarbjitsingh/answers/